a2zpapers.com

**Exam. Code : 103204**
**Subject Code : 1105**

## B.A./B.Sc. Semester—IV

## PUNJABI (Elective)

Time Allowed—3 Hours] [Maximum Marks—100

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. (ੳ) 1701 ਈ. ਤੋਂ 1900 ਤੱਕ ਪੰਜਾਬੀ ਕਵਿਤਾ ਵਿੱਚ ਕਿਹੜੀਆਂ-ਕਿਹੜੀਆਂ ਕਾਵਿ-ਧਾਰਾਵਾਂ ਪ੍ਰਚਲਿਤ ਹੋਈਆਂ ?

**ਜਾਂ**

18ਵੀਂ ਤੋਂ 19ਵੀਂ ਸਦੀ ਵਿੱਚ ਰਚੇ ਗਏ ਪੰਜਾਬੀ ਸੂਫ਼ੀ-ਕਾਵਿ ਦੇ ਕਵੀਆਂ ਨਾਲ ਜਾਣ ਪਛਾਣ ਕਰਵਾਉ।

a2zpapers.com

(ਅ) ਮੱਧ-ਕਾਲ ਵਿੱਚ ਰਚੇ ਗਏ ਕਿੱਸਾ-ਕਾਵਿ ਸੰਬੰਧੀ ਵਿਸਥਾਰ ਨਾਲ ਚਰਚਾ ਕਰੋ।

**ਜਾਂ**

18ਵੀਂ ਤੋਂ 19ਵੀਂ ਸਦੀ ਦੌਰਾਨ ਲਿਖੀਆਂ ਗਈਆਂ ਵਾਰਾਂ ਉਪਰ ਇੱਕ ਲੇਖ ਲਿਖੋ। 20+20=40

2. (ੳ) ਹੇਠ ਲਿਖੇ ਪੈਰ੍ਹੇ ਵਿਚਲੇ ਗਲਤ ਸ਼ਬਦ ਜੋੜਾਂ ਨੂੰ ਸੋਧ ਕੇ ਲਿਖੋ :-

ਇਸਤ੍ਰੀ ਬਿਦਿਆ ਦੇ ਬੌਹਤ ਫੈਦੇ ਹਨ। ਇਕ ਪੜੀ ਲਿਖੀ ਇਸਤ੍ਰੀ ਹਰ ਕੰਮ ਧਯਾਨ ਨਾਲ ਅਤੇ ਸੋਚ ਸਮਜ ਕੇ ਕਰੇਗੀ। ਉਹ ਆਪਣੇ ਬੱਚੇਆਂ ਦਾ ਚਰਿਤਰ ਚੰਗਾ



a2zpapers.com
www.a2zpapers.com
We provide GNDU question papers, PTU question papers, PU question paper

a2zpapers.com

a2zpapers.com

a2zpapers.com

ਬਨਾਵੇਗੀ। ਉਹ ਆਪਣੇ ਘਰ ਦੇ ਡਾਂਚੇ ਨੂੰ ਵਰਤਮਾਨ ਡੰਗ ਨਾਲ ਬਦਲ ਸਕਦੀ ਹੈ। ਅਜ ਦੇ ਲੋਕ ਰਾਜੀ ਜੁਗ ਵਿੱਚ ਤਾਂ ਇਸਤ੍ਰੀ ਸਰਕਾਰ ਦੇ ਕੰਮਾਂ, ਚੋਣ ਪ੍ਰਣਾਲੀ ਅਤੇ ਵੋਟ ਦੀ ਸਹੀ ਵਰਤੋਂ ਆਦ ਬਾਰੇ ਚੰਗੀ ਤਰ੍ਹਾਂ ਜਾਣਦੀ ਹੈ।

(ਅ) ਹੇਠ ਲਿਖੇ ਪੈਰ੍ਹੇ ਨੂੰ ਵਿਸ਼ਰਾਮ ਚਿੰਨ ਲਾ ਕੇ ਲਿਖੋ :-

ਉਨ੍ਹਾਂ ਨੇ ਆਪਣੀ ਪਤਨੀ ਨੂੰ ਆਵਾਜ਼ ਦਿੱਤੀ ਭਾਗੋ ਜੀ ਸੈਲ ਪਰਿਵਾਰ ਆਇਆ ਹੈ ਇਹਨਾਂ ਲਈ ਚਾਹ ਤਿਆਰ ਕਰੋ ਇਕ ਬਿਰਧ ਪਰ ਨਰੋਏ ਸਰੀਰ ਦੀ ਹਸੂੰ-ਹਸੂੰ ਕਰਦੀ ਬੀਬੀ ਬਾਹਰ ਆਈ ਤੇ ਕਹਿਣ ਲੱਗੀ ਆਪਣੇ ਘਰ ਸੱਜਣ ਆਉਣ ਤਾਂ ਕਿਉਂ ਨਾ ਚਾਹ ਪਿਆਈਏ ਚਾਹ ਹੁਣੇ ਪਲਾਂ ਛਿਣਾਂ ਵਿੱਚ ਤਿਆਰ ਹੋ ਜਾਂਦੀ ਹੈ। 5+5=10

3. ਹੇਠ ਲਿਖਿਆਂ ਵਿੱਚੋਂ ਦੋ ਮੂਲ ਸੰਕਲਪਾਂ ਦੀ ਵਿਆਖਿਆ ਆਪਣੇ ਸ਼ਬਦਾਂ ਵਿੱਚ ਕਰੋ :-

ਰੂਪ ਤੇ ਵਸਤੂ, ਪਾਤਰ ਉਸਾਰੀ, ਕਥਾਨਕ, ਅਨੁਕਰਣ

5+5=10

4. ਹੇਠ ਲਿਖੇ ਰੂਪਾਂ / ਵਿਧਾਵਾਂ ਵਿੱਚੋਂ **ਦੋ** ਦੀ ਪਰਿਭਾਸ਼ਾ ਅਤੇ ਉਨ੍ਹਾਂ ਦੇ ਤੱਤਾਂ ਸਮੇਤ ਲਿਖੋ :-

ਵਾਰ, ਕਿੱਸਾ, ਕਾਫ਼ੀ 10+10=20

5. ਪੰਜਾਬੀ ਭਾਸ਼ਾ ਕਿਹੜੇ ਵਿਕਾਸ ਪੜਾਵਾਂ ਵਿੱਚੋਂ ਲੰਘ ਕੇ ਅੱਜ ਦੇ ਸਥਾਨ 'ਤੇ ਪੁੱਜੀ ਹੈ ?

**ਜਾਂ**

ਗੁਰਮੁਖੀ ਲਿਪੀ ਦੇ ਨਿਕਾਸ ਤੇ ਵਿਕਾਸ ਦਾ ਇਤਿਹਾਸ ਆਪਣੇ ਸ਼ਬਦਾਂ ਵਿੱਚ ਲਿਖੋ। 20



a2zpapers.com
www.a2zpapers.com
We provide GNDU question papers, PTU question papers, PU question papers